ਭੌਂ ਪ੍ਰਾਪਤੀ ਕੁਲੈਕਟਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ(ਗਮਾਡਾ),
ਪੁੱਡਾ ਭਵਨ, ਸਾਹਿਬਜਾਦਾ ਅਜੀਤ ਸਿੰਘ ਨਗਰ

## ਜਨਤਕ ਸੂਚਨਾ

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੇ ਅਧਿਕਾਰ ਖੇਤਰ ਅਧੀਨ, ਨਿਊ ਚੰਡੀਗੜ੍ਹ ਵਿਖੇ ਲੋਅ ਡੈਨਸਟੀ ਪ੍ਰੋਜੈਕਟ ਦੀ ਸਥਾਪਨਾ ਲਈ ਪਿੰਡ ਮੁੱਲਾਂਪੁਰ ਗਰੀਬਦਾਸ ਦੀ ਤਕਰੀਬਨ 309.3021 ਏਕੜ ਭੌਂ ਪ੍ਰਾਪਤੀ ਸਬੰਧੀ ਅਵਾਰਡ "The Right to Fair Compensation and Transparency in Land Acquisition, Rehabilitation and Resettlement Act, 2013" ਅਧੀਨ ਕੀਤੇ ਉਪਬੰਧਾਂ ਦੀ ਰੋਸ਼ਨੀ ਵਿੱਚ ਮਿਤੀ 30-03-2026 (ਪੂਰਵ ਦੁਪਹਿਰ) ਨੂੰ ਪੁੱਡਾ ਭਵਨ, ਸੈਕਟਰ 62, ਐਸ.ਏ.ਐਸ. ਨਗਰ ਵਿਖੇ ਅਨਾਊਂਸ ਕੀਤਾ ਗਿਆ। ਭੌਂ ਮਾਲਕ ਜਿਨ੍ਹਾਂ ਦੀ ਭੌਂ ਇਸ ਅਵਾਰਡ ਰਾਹੀਂ ਪ੍ਰਾਪਤ ਕੀਤੀ ਗਈ ਹੈ, ਆਪਣੇ ਨਕਦ ਮੁਆਵਜ਼ੇ ਜਾਂ ਲੈਂਡ ਪੂਲਿੰਗ ਲੈਣ ਸਬੰਧੀ ਅਰਜ਼ੀਆਂ ਸਣੇ ਲੋੜੀਂਦੇ ਦਸਤਾਵੇਜ਼ਾਂ ਦੇ 29 ਜੂਨ 2026 ਤੱਕ ਨਿਰਧਾਰਤ ਫਾਰਮ ਤੇ ਨਿਮਨ-ਹਸਤਾਖਰ ਦੇ ਦਫਤਰ ਗਰਾਊਂਡ ਫਲੌਰ, ਪੁੱਡਾ ਭਵਨ ਸੈਕਟਰ 62, ਐਸ.ਏ.ਐਸ. ਨਗਰ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਅਰਜ਼ੀ ਫਾਰਮ ਦਫਤਰੀ ਕੰਮ ਵਾਲੇ ਦਿਨ ਨਿੱਜੀ ਤੌਰ ਤੇ ਹਾਸਲ ਕੀਤੇ ਜਾ ਸਕਦੇ ਹਨ ਜਾਂ ਫਿਰ ਗਮਾਡਾ ਦੀ ਵੈਬ-ਸਾਈਟ gmada.gov.in ਤੋਂ ਡਾਊਨ ਲੋਡ ਕਰ ਸਕਦੇ ਹੋ। ਜਿਨ੍ਹਾਂ ਭੌਂ ਮਾਲਕਾਂ ਦੀਆਂ ਅਰਜ਼ੀਆਂ ਮਿੱਥੀ ਮਿਤੀ ਦੇ ਅੰਦਰ ਪ੍ਰਾਪਤ ਨਹੀਂ ਹੋਣਗੀਆਂ, ਉਨ੍ਹਾਂ ਦੇ ਕੇਸਾਂ ਸਬੰਧੀ ਉਕਤ ਐਕਟ ਤਹਿਤ ਬਣਦੀ ਕਾਰਵਾਈ ਕੀਤੀ .ਜਾਵੇਗੀ।

Rohit

ਭੌਂ ਪ੍ਰਾਪਤੀ ਕੁਲੈਕਟਰ

Scanned with OKEN Scanner